# ਹਰੀਟ ਐਸੋਸੀਏਸ਼ਨ ਨੇ ਕਰਵਾਏ ਕੁਇਜ਼ ਮੁਕਾਬਲੇ

**ਮਲੋਟ, 07 ਜਨਵਰੀ (ਹਰਪ੍ਰੀਤ ਸਿੰਘ ਹੈਪੀ) :** ਹਿਊਮਨ ਰਾਈਟਸ ਇਨਲਾਈਟਨਮੈਂਟ ਐਸੋਸੀਏਸ਼ਨ (ਟੀਚਰਜ਼), ਮਲੋਟ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਜਿਸ ਵਿਚ ਵੱਖ-ਵੱਖ ਸਕੂਲਾਂ ਤੋਂ ਆਈਆਂ ਟੀਮਾਂ ਨੇ ਹਿੱਸਾ ਲਿਆ। ਇਸ ਕੁਇਜ਼ ਮੁਕਾਬਲੇ ਵਿਚ 9ਵੀਂ ਤੇ 10 ਵੀਂ ਜਮਾਤ ਦੇ ਪਾਠਕ੍ਰਮ ਤੋਂ ਇਲਾਵਾ ਜਨਰਲ ਨਾਲਿਜ ਦੇ ਪ੍ਰਸ਼ਨ ਵੀ ਪੁੱਛੇ ਗਏ। ਇਸ ਦੀ ਵਿਲੱਖਣਤਾ ਇਹ ਸੀ ਕੀ ਇਸ ਮੁਕਾਬਲੇ ਨੂੰ ਰੌਚਕ ਬਣਾਉਣ ਲਈ ਪ੍ਰਾਜੈਕਟਰ, ਲੈਪਟਾਪ ਆਦਿ ਆਧੁਨਿਕ ਤਕਨੀਕਾਂ ਦੀ ਵਰਤੋਂ ਕੀਤੀ ਗਈ। ਇਸ ਮੁਕਾਬਲੇ ਵਿਚ ਰਾਕੇਸ਼ ਜੈਨ ਨੇ ਜੱਜਮੈਂਟ, ਹਰਵਿੰਦਰ ਸੀਚਾ ਨੇ ਕੁਇਜ਼ ਮਾਸਟਰ, ਖੇਮਰਾਜ ਗਰਗ ਨੇ ਪ੍ਰਾਜੈਕਟ ਇੰਚਾਰਜ਼, ਅਸ਼ੋਕ ਕੁਮਾਰ ਨੇ ਮਲਟੀਮੀਡਿਆ, ਰਵਿੰਦਰ ਕੁਮਾਰ, ਮਦਨ ਮੱਕੜ, ਰਾਕੇਸ਼ ਗਰਗ ਨੇ ਸਕੋਰਰ ਦੀ ਭੂਮਿਕਾ ਨਿਭਾਈ। ਇਸ ਕੁਇਜ਼ ਮੁਕਾਬਲੇ ਵਿਚ ਐਸ.ਡੀ.ਹਾਈ ਸਕੂਲ (ਮਲੋਟ), ਸਰਕਾਰੀ ਹਾਈ ਸਕੂਲ (ਬੁਰਜ਼ ਸਿੱਧਵਾਂ), ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ (ਮੰਡੀ ਹਰਜੀ ਰਾਮ, ਮਲੋਟ) ਨੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਕੁਇਜ਼ ਮੁਕਾਬਲੇ ਵਿਚ ਮੁੱਖ ਮਹਿਮਾਨ ਵਜੋਂ ਦਵਿੰਦਰ ਰਜੋਰੀਆ ਡਿਪਟੀ ਜ਼ਿਲਾ ਸਿੱਖਿਆ ਅਫਸਰ (ਸ਼੍ਰੀ ਮੁਕਤਸਰ ਸਾਹਿਬ) ਨੇ ਸ਼ਿਰਕਤ ਕੀਤੀ ਤੇ ਵਿਸ਼ੇਸ਼ ਮਹਿਮਾਨ ਵਜੋਂ ਰਾਜ ਵਾਟਸ ਚੇਅਰਮੈਨ ਐਡਵਰਡਗੰਜ ਅਤੇ ਮਦਨ ਲਾਲ ਗੋਇਲ ਪ੍ਰਿੰਸੀਪਾਲ ਸ਼ਾਮਲ ਹੋਏ। ਇਸ ਮੌਕੇ ਸ਼੍ਰੀਮਤੀ ਅੰਜੂ ਨੂੰ ਸੰਸਥਾ ਵਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਜੀਵ ਬਾਵਾ, ਪ੍ਰਿੰਸੀਪਲ ਸਰਬਜੀਤ ਕੁਮਾਰ, ਵਿਨੋਦ ਨਾਗਪਾਲ, ਹਰੀਭਜਨ ਪ੍ਰਿਯਦਰਸ਼ੀ, ਹਰਜੀਤ ਸਿੰਘ, ਇੰਦਰਜੀਤ ਸਿੰਘ, ਸੁਦਰਸ਼ਨ ਜੱਗਾ, ਸ਼ਿਵਰਾਜ ਗਿੱਲ, ਮਹਿੰਦਰ ਸਿੰਘ, ਕ੍ਰਿਸ਼ਨ ਬੱਠਲਾ, ਵਿਨੋਦ ਸੇਠੀ, ਲੱਛਮਣ ਦਾਸ ਆਦਿ ਹਾਜ਼ਰ ਸਨ।